EMPLOYMENT ONTARIO
Ontario's employment & training network

Ontario

## ਦੂਜੇ ਕੰਮ ਕਾਜ ਦੀ ਨੀਤੀ

ਦੂਜੇ ਕੰਮ ਕਾਜ ਦੀ ਨੀਤੀ, ਹਾਲ ਵਿੱਚ ਨੌਕਰੀ ਤੋਂ ਛੁੱਟਣ ਵਾਲੇ ਬੇਰੁਜ਼ਗਾਰ ਕਰਮਚਾਰੀਆਂ ਦੀ ਮਦਦ ਕਰੇਗੀ ਜਿੰਨ੍ਹਾਂ ਨੂੰ ਦੀਰਘ ਸਮ੍ਹੇਂ ਦੀ ਕਿਸੀ ਹੁਨਰ ਦੀ ਟ੍ਰੇਨਿੰਗ ਦੀ ਲੋੜ ਹੈ ਜਿਸ ਦੀ ਮਦਦ ਨਾਲ ਉਹ ਉਹਨਾਂ ਉੱਚ-ਕੋਟੀ ਦੇ ਹੁਨਰਾਂ ਦੇ ਪੇਸ਼ੇ ਲੱਭ ਸਕਣਗੇ ਜਿੰਨ੍ਹਾਂ ਦੀ ਜ਼ਰੂਰਤ ਸਥਾਨਕ ਲੇਬਰ ਮਾਰਕਿਟ ਵਿੱਚ ਹੈ।

ਇਹ ਨੀਤੀ ਵਿਅਕਤੀਗਤ ਜ਼ਰੂਰਤ ਦੇ ਅਧਾਰ ਤੇ ਲੋਕਾਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰਦੀ ਹੈ ਜਿਸ ਤੋਂ ਉਹਨਾਂ ਨੂੰ ਟ੍ਰੇਨਿੰਗ ਨਾਲ ਸਬੰਧਤ ਖਰਚੇ ਵਿੱਚ ਕੁੱਛ ਮਦਦ ਮਿਲ ਸਕੇ, ਜਿਸ ਵਿੱਚ ਟਿਊਸ਼ਨ ਅਤੇ ਕਿਤਾਬਾਂ ਸ਼ਾਮਲ ਹਨ।

ਇਹ ਦੂਜੇ ਕੰਮ ਕਾਜ ਦੀ ਨੀਤੀ, ਸਰਕਾਰ ਦੇ ਤਿੰਨ-ਸਾਲਾ 1.5 ਬੀਲੀਅਨ ਡਾਲਰ ਦੇ "ਸਕਿਲਜ਼ ਟੂ ਜੌਬਜ਼ ਐਕਸ਼ਨ ਪਲਾਨ" ਦਾ ਇੱਕ ਭਾਗ ਹੈ, ਜਿਸ ਦੀ ਘੋਸ਼ਣਾ ਮਾਰਚ 2008 ਵਿੱਚ ਕੀਤੀ ਗਈ ਸੀ।

## ਕੌਨ ਅਰਜ਼ੀ ਦੇ ਸਕਦਾ ਹੈ?

ਹਾਲ ਵਿੱਚ ਨੌਕਰੀ ਤੋਂ ਛੁੱਟਣ ਵਾਲੇ ਕਰਮਚਾਰੀ ਇਸ ਦੂਜੇ ਕੰਮ ਕਾਜ ਦੀ ਨੀਤੀ ਵਿੱਚ ਭਾਗ ਲੈ ਸਕਦੇ ਹਨ, ਜਿੰਨ੍ਹਾਂ ਵਿੱਚ ਉਹ ਵੀ ਸ਼ਾਮਲ ਹਨ ਜੋ ਰੁਜ਼ਗਾਰ ਬੀਮਾ ਦੇ ਯੋਗ ਹਨ ਅਤੇ ਉਹ ਵੀ ਜੋ ਨਹੀਂ ਹਨ। ਉਪਲੱਬਦ ਮਾਰਗਾਂ ਦੇ ਬਾਰੇ ਗੱਲਬਾਤ ਕਰਨ ਲਈ ਕ੍ਰਿਪਾ ਕਰਕੇ ਆਪਣੇ ਸਥਾਨਕ ਇਮਪਲਾਈਮੈਂਟ ਓਨਟਾਰੀਓ (Employment Ontario) ਦੇ ਦਫਤਰ ਨਾਲ ਸੰਪਰਕ ਕਰੋ।

## ਮੈਨੂੰ ਵਧੇਰੇ ਜਾਣਕਾਰੀ ਕਿਸ ਤਰ੍ਹਾਂ ਮਿਲ ਸਕਦੀ ਹੈ?

ਆਪਣੇ ਖੇਤਰ ਵਿੱਚ ਦੂਜੇ ਕੰਮ ਕਾਜ ਦੀ ਨੀਤੀ ਦਾ ਲਾਭ ਉਠਾਉਣ ਦੇ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਇਮਪਲਾਈਮੈਂਟ ਓਨਟਾਰੀਓ (Employment Ontario) ਦੀ ਹੌਟਲਾਈਨ ਨੂੰ ਟੋਲ-ਫਰੀ 1-800-387-5656 ਤੇ ਫੋਨ ਕਰੋ ਜਾਂ ਟਰਾਂਟੋ ਵਿੱਚ (416) 326-5656 ਤੇ ਫੋਨ ਕਰੋ।

ISBN 978-1-4249-6975-3